# Virtual Interaction between the Minister of State for External Affairs and the Vice President & Minister of State of Republic of Palau

June 28, 2021

## ਪਲਾਉ ਗਣਰਾਜ ਦੇ ਉਪ-ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀ ਅਤੇ ਵਿਦੇਸ਼ ਰਾਜ ਮੰਤਰੀ ਵਿਚਾਲੇ ਹੋਈ ਵਰਚੁਅਲ ਗੱਲਬਾਤ

28 ਜੂਨ, 2021

ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਅੱਜ ਪਲਾਓ ਗਣਰਾਜ ਦੇ ਉਪ-ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀ ਮਾਨਯੋਗ ਜੇ ਉਡੂਚ ਸੈਂਗੇਬਾਉ ਸੀਨੀਅਰ ਨਾਲ ਵਰਚੁਅਲ ਗੱਲਬਾਤ ਕੀਤੀ।

ਦੋਨਾਂ ਮੰਤਰੀਆਂ ਨੇ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਅਤੇ ਭਾਰਤ ਅਤੇ ਪਲਾਉ ਦਰਮਿਆਨ ਭਾਰਤ-ਪ੍ਰਸ਼ਾਂਤ ਦ੍ਵੀਪ ਸਹਿਯੋਗ ਫੋਰਮ (FIPIC) ਰਾਹੀਂ ਸਮੇਤ ਚੱਲ ਰਹੇ ਵਿਕਾਸ ਸਬੰਧੀ ਸਹਿਯੋਗ ਦੀ ਸਮੀਖਿਆ ਕੀਤੀ।

ਦੋਵੇਂ ਮੰਤਰੀਆਂ ਨੇ ਮੌਸਮੀ ਤਬਦੀਲੀ ਅਤੇ ਨਵਿਆਉਣਯੋਗ ਊਰਜਾ, ਨੀਲੀ ਆਰਥਿਕਤਾ ਅਤੇ ਆਲਮੀ ਸਮੁੰਦਰੀ ਕੋਮਨਜ਼ ਦੇ ਟਿਕਾਊ ਪ੍ਰਬੰਧਨ, ਸਮਰੱਥਾ ਵਧਾਉਣ, ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਅਤੇ COVID -19 ਮਹਾਂਮਾਰੀ ਤੋਂ ਆਰਥਿਕ ਸਿਹਤਯਾਬੀ ਦੇ ਮਾਮਲੇ 'ਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ।

ਉਨ੍ਹਾਂ ਨੇ ਸੁਰੱਖਿਅਤ, ਸਥਿਰ ਅਤੇ ਖੁਸ਼ਹਾਲ ਭਾਰਤ- ਪ੍ਰਸ਼ਾਂਤ ਲਈ ਭਾਰਤ ਅਤੇ ਪਲਾਉ ਦਰਮਿਆਨ ਹੋਰ ਵਿਆਪਕ ਅਤੇ ਡੂੰਘੇ ਜੁੜਾਅ ਲਈ ਯਤਨ ਜਾਰੀ ਰੱਖਣ 'ਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ
28 ਜੂਨ, 2021

DISCLAIMER: This is an approximate translation. The original is available in English on MEA's website and may be referred to as the official press release.